# KISSAN ARTHIA INFORMATION & REMITTANCE ONLINE NETWORK

## Procedure for Registration of Kissan for Direct Payment

Farmer seeking receipt of direct payment of his produce from the procurement agencies/ purchser will have to be registered on **KISSAN ARTHIA INFORMATION & REMITTANCE ONLINE NETWORK** (eportal) of Food & Supplies Department. The procedure for registration is as follows:

1. Kissan will contact nearest market committee office and would give the following particulars:

| | | |
|---|---|---|
| A. | Farmer Name | :- |
| B. | Farther Name | :- |
| C. | Address | :- |
| D. | District | :- |
| E. | Block | :- |
| F. | Village Name | :- |
| G. | Mobile No. | :- |
| H. | Pin Code | :- |

2. After furnishing of the particulars 8 (eight) digit kissan code would be generated on the protal and would be intimated to the farmer by the official of the market committee.

3. Farmer will get RuPay debit card mentioning kissan code given by market committee office generated from **KISSAN ARTHIA INFORMATION & REMITTANCE ONLINE NETWORK** (eportal). The card would be issued by following participant banks. (The specification of cards is as per annexure A).

4. After issuance of card bank will certify the bank particulars of farmers on “S” form mentioning the Kissan code, Card no and Bank account particulars of farmer. The copy of Form “S” is enclosed at annexure B.
5. Farmer will deposit the certified/verified form ‘S’ with market committee office and market committee will enter the following bank particulars in eportal on **<u>KISSAN ARTHIA INFORMATION & REMITTANCE ONLINE NETWORK:</u>**
    A. <u>Farmer Code</u>
    B. <u>Bank Branch</u>
    C. <u>Account No.</u>
    D. <u>Card No</u>
6. Market Committee office will update bank particulars in eportal on **<u>KISSAN ARTHIA INFORMATION & REMITTANCE ONLINE NETWORK.</u>** After this farmer can use his card for receiving direct payment from procurement agencies of Punjab Govt.
7. For receiving direct payment farmer will have to carry his RuPay Debit Card to mandi while selling his crop and will have to swipe his card on procurement agency swipe machine along with arthia card.
8. After swipe of card payment would be processed by procurement agency and payment of MSP after deduction of arthia charges would be made to farmer directly into linked account and payment of commission would be made to arthia.

**Annexure "A"**




**Annexure "B"**

**Form "S"**
**(See Rule 24(11)**
**Option of the producer seller for direct payment from buyer**

Certified that I ______________________________ S/O_________________________ resident of _____________________________ hereby opt to receive the payment directly from the buyer through the account payee cheque /electronic clearance.

**(Signature of producer seller with)**
**Complete Address:_____________**

**Particulars of Bank Account & Card**

**Kissan Code No: _________________**

**RuPay Debit Card No:_____________**

**Name of Bank: __________________**

**Branch: _________________________**

**A/c No. _________________________**


**IFSC Code ______________________**

**(Signature of Branch Manager with seal)**


# ਪੰਜਾਬ ਮੰਡੀ ਬੋਰਡ

## ਐਸ.ਸੀ.ਓ. ਨੰ: 149-52 ਸੈਕਟਰ 17-ਸੀ, ਚੰਡੀਗੜ੍ਹ


## ਹੁਣ ਜਿਮੀਂਦਾਰ ਆਪਣੀ ਵੇਚੀ ਗਈ ਜਿਣਸ ਦੀ ਖਰੀਦਦਾਰ ਪਾਸੋਂ ਸਿੱਧੇ ਤੌਰ ਤੇ ਅਦਾਇਗੀ ਵੀ ਲੈ ਸਕਦੇ ਹਨ



**ਸ੍ਰ: ਪਰਕਾਸ਼ ਸਿੰਘ ਬਾਦਲ**
ਮੁੱਖ ਮੰਤਰੀ, ਪੰਜਾਬ



**ਸ੍ਰ: ਸੁਖਬੀਰ ਸਿੰਘ ਬਾਦਲ**
ਉੱਪ ਮੁੱਖ ਮੰਤਰੀ, ਪੰਜਾਬ



**ਸ੍ਰ: ਗੁਰਬਚਨ ਸਿੰਘ ਬੱਬੇਹਾਲੀ**
ਮੁੱਖ ਸੰਸਦੀ ਸਕੱਤਰ, ਖੇਤੀਬਾੜੀ, ਪੰਜਾਬ



**ਸ੍ਰ. ਅਜਮੇਰ ਸਿੰਘ ਲੱਖੋਵਾਲ**
ਚੇਅਰਮੈਨ, ਪੰਜਾਬ ਮੰਡੀ ਬੋਰਡ



**ਸ੍ਰ. ਰਵਿੰਦਰ ਸਿੰਘ ਚੀਮਾ**
ਉੱਪ ਚੇਅਰਮੈਨ, ਪੰਜਾਬ ਮੰਡੀ ਬੋਰਡ

ਪੰਜਾਬ ਵਿੱਚ ਖੇਤੀਬਾੜੀ ਜਿਣਸਾਂ ਦੇ ਮੰਡੀਕਰਣ ਦੀ ਖਰੀਦ ਜਾਂ ਵੇਚ ਦੀ ਜੋ ਪ੍ਰਕਿਰਿਆ 'ਦੀ ਪੰਜਾਬ ਸਟੇਟ ਐਗਰੀਕਲਚਰਲ ਪ੍ਰੋਡਿਊਸ ਮਾਰਕਿਟਸ (ਜਨਰਲ) ਰੂਲ 1962' ਤਹਿਤ ਹੁੰਦੀ ਹੈ, ਦੇ ਨਿਯਮ 24 ਦੇ ਸਬ-ਨਿਯਮ 11 ਵਿੱਚ ਮਿੱਤੀ 17-07-2013 ਰਾਹੀਂ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਸੋਧ ਅਨੁਸਾਰ ਜਿਮੀਂਦਾਰ ਆਪਣੀ ਵੇਚੀ ਗਈ ਜਿਣਸ ਦੀ ਅਦਾਇਗੀ ਸਿੱਧੇ ਤੌਰ ਤੇ ਖਰੀਦਦਾਰ ਪਾਸੋਂ **ਅਕਾਊਂਟ ਪੇਈਈ ਚੈੱਕ ਜਾਂ ਇਲੈਕਟ੍ਰੋਨਿਕ ਟਰਾਂਸਫਰ** ਰਾਹੀਂ ਲੈ ਸਕਦਾ ਹੈ। ਇਸ ਵਾਸਤੇ ਜਿਮੀਂਦਾਰ ਨੂੰ ਕਣਕ ਅਤੇ ਝੋਨੇ ਦੇ ਸੀਜਨ ਵਿੱਚ ਸਿੱਧੇ ਤੌਰ ਤੇ ਅਦਾਇਗੀ ਲੈਣ ਲਈ ਫਾਰਮ **'ਐਸ'** ਵਿੱਚ ਮਾਰਕਿਟ ਕਮੇਟੀ ਵਿਖੇ ਸੀਜਨ ਸ਼ੁਰੂ ਹੋਣ ਤੋਂ 45 ਦਿਨਾਂ ਪਹਿਲਾਂ ਲਿਖਤੀ ਤੌਰ ਤੇ ਦੇਣਾ ਹੋਵੇਗਾ। ਇਸ ਫਾਰਮ 'ਐਸ' ਵਿੱਚ ਜਿਮੀਂਦਾਰ ਵੱਲੋਂ ਅਕਾਊਂਟ ਪੇਈਈ ਚੈਕ/ ਇਲੈਕਟ੍ਰੋਨਿਕ ਕਲੀਅਰੈਂਸ ਚੈੱਕ ਰਾਹੀਂ ਸਿੱਧੇ ਤੌਰ ਤੇ ਖਰੀਦਦਾਰ ਪਾਸੋਂ ਅਦਾਇਗੀ ਲੈਣ ਲਈ ਉਸਨੂੰ **ਆਪਣਾ ਨਾਮ, ਪਤਾ, ਬੈਂਕ ਦਾ ਨਾਮ, ਬੈਂਕ ਖਾਤਾ ਨੰ: ਅਤੇ ਉਸ ਬੈਂਕ ਦਾ ਆਈ.ਐਫ.ਐਸ.ਸੀ.ਕੋਡ** ਦੇਣਾ ਹੋਵੇਗਾ। ਇਨ੍ਹਾਂ ਦੋ ਮੁੱਖ ਫਸਲਾਂ ਤੋਂ ਬਿਨਾਂ ਜਿਮੀਂਦਾਰ ਆਪਣੀ ਸਿੱਧੀ ਅਦਾਇਗੀ ਲੈਣ ਦੀ ਇੱਛਾ ਬੋਲੀ ਦੇ ਸਮੇਂ ਤੇ ਸਿੱਧੇ ਤੌਰ ਤੇ ਦੇ ਸਕਦਾ ਹੈ।

ਹੁਣ ਆਉਣ ਵਾਲੇ ਧਾਨ ਦੇ ਸੀਜਨ ਵਿੱਚ ਜਿਸ ਸਮੇਂ ਖਰੀਦ ਕਿਸੇ ਵੀ ਰਾਜ ਸਰਕਾਰ ਦੀ ਕਿਸੇ ਵੀ ਖਰੀਦ ਏਜੰਸੀ ਪਨਗਰੇਨ, ਮਾਰਕਫੈੱਡ, ਪਨਸਪ, ਪੰਜਾਬ ਰਾਜ ਗੁਦਾਮ ਨਿਗਮ, ਪੰਜਾਬ ਐਗਰੋ ਇੰਡਸਟਰੀਜ ਵੱਲੋਂ ਕੀਤੀ ਗਈ ਹੋਵੇ ਤਾਂ ਉਸਦੀ ਵੀ ਕਿਸਾਨ ਸਿੱਧੇ ਤੌਰ ਤੇ ਅਦਾਇਗੀ ਲੈ ਸਕਦਾ ਹੈ। ਇਸ ਵਾਸਤੇ, ਉਸਨੂੰ ਜਿਸ ਮਾਰਕਿਟ ਕਮੇਟੀ ਦੇ ਅਧਿਕਾਰਤ ਖੇਤਰ ਦੀ ਮੰਡੀ ਵਿੱਚ ਉਸਨੇ ਜਿਣਸ ਵੇਚਣੀ ਹੈ, ਉਸ ਮਾਰਕਿਟ ਕਮੇਟੀ ਦੇ ਦਫਤਰ ਵਿਖੇ ਜਾ ਕੇ **ਆਪਣਾ ਨਾਮ, ਪਿਤਾ ਦਾ ਨਾਮ, ਜਿਲ੍ਹੇ ਦਾ ਨਾਮ, ਪਿੰਡ ਦਾ ਨਾਮ, ਪੱਕਾ ਪਤਾ, ਪਿਨ ਕੋਡ, ਮੋਬਾਇਲ ਨੰਬਰ ਅਤੇ ਆਧਾਰ ਕਾਰਡ ਦਾ ਨੰਬਰ ਆਦਿ ਦੇ ਕੇ ਰਜਿਸਟਰ ਕਰਵਾਉਣਾ ਹੋਵੇਗਾ**। ਇਹ ਰਜਿਸਟ੍ਰੇਸ਼ਨ ਕਰਵਾਉਣ ਉਪਰੰਤ ਮਾਰਕਿਟ ਕਮੇਟੀ ਵੱਲੋਂ ਉਸਨੂੰ **ਅੱਠ ਅੱਖਰਾਂ ਦਾ ਕਿਸਾਨ ਕੋਡ** ਜਾਰੀ ਕੀਤਾ ਜਾਵੇਗਾ। ਫਿਰ ਕਿਸਾਨ ਵੱਲੋਂ ਉਸ ਅੱਠ ਅੱਖਰਾਂ ਦੇ ਕੋਡ ਨੂੰ ਹੇਠ ਲਿਖਿਆਂ ਬੈਂਕਾਂ ਵਿੱਚੋਂ ਕਿਸੇ **ਇੱਕ ਬੈਂਕ ਵਿੱਚ ਜਾ ਕੇ, ਜਿਸ ਵਿੱਚ ਉਸਦਾ ਖਾਤਾ ਹੋਵੇ ਜਾ ਕੇ ਦਰਜ ਕਰਵਾਉਣਾ ਹੈ:**

**1. ਸਟੇਟ ਬੈਂਕ ਆਫ ਇੰਡੀਆ**
**2. ਸਟੇਟ ਬੈਂਕ ਆਫ ਪਟਿਆਲਾ**
**3.ਐਚ.ਡੀ.ਐਫ.ਸੀ.**
**4. ਐਕਸਿਸ ਬੈਂਕ**
**5. ਯੂਨੀਅਨ ਬੈਂਕ ਆਫ ਇੰਡੀਆ**
**6.ਸੈਂਟਰਲ ਬੈਂਕ ਆਫ ਇੰਡੀਆ**
**7. ਪੰਜਾਬ ਐਂਡ ਸਿੰਧ ਬੈਂਕ**
**8. ਓਰੀਐਂਟਲ ਬੈਂਕ ਆਫ ਕਮਰਸ**
**9. ਕਾਰਪੋਰੇਸ਼ਨ ਬੈਂਕ**
**10. ਪੰਜਾਬ ਨੈਸ਼ਨਲ ਬੈਂਕ**
**11. ਬੈਂਕ ਆਫ ਇੰਡੀਆ**
**12. ਬੈਂਕ ਆਫ ਬੜੌਦਾ**
**13. ਆਈ.ਸੀ.ਆਈ.ਸੀ.ਆਈ. ਬੈਂਕ**
**14. ਕੇਨਰਾ ਬੈਂਕ**
**15. ਯੂਕੋ ਬੈਂਕ**

ਬੈਂਕ ਵੱਲੋਂ ਉਸਨੂੰ ਇੱਕ ਹਫਤੇ ਵਿੱਚ **ਇਲੈਕਟ੍ਰੋਨਿਕ ਕਿਸਾਨ ਕਾਰਡ (ਰੁਪਏ ਡੈਬਿਟ ਕਾਰਡ)** ਜਾਰੀ ਕੀਤਾ ਜਾਵੇਗਾ। ਇਸ ਕਿਸਾਨ ਕਾਰਡ ਨਾਲ ਬੈਂਕ ਵੱਲੋਂ ਕਿਸਾਨ ਵੱਲੋਂ ਫਾਰਮ 'ਐਸ' ਜਿਸ ਵਿੱਚ ਉਸਨੇ ਸਿੱਧੀ ਅਦਾਇਗੀ ਲੈਣ ਲਈ ਮਾਰਕਿਟ ਕਮੇਟੀ ਨੂੰ ਆਪਣੀ ਇੱਛਾ ਦੇਣੀ ਹੈ ਵਿੱਚ **ਬੈਂਕ ਦਾ ਨਾਮ, ਸ਼ਾਖਾ ਦਾ ਨਾਮ, ਖਾਤਾ ਨੰਬਰ, ਬੈਂਕ ਦਾ ਆਈ.ਆਫ.ਐਸ.ਸੀ. ਕੋਡ ਅਤੇ ਰੁਪਏ ਡੈਬਿਟ ਕਾਰਡ ਦਾ ਨੰਬਰ ਵੀ ਤਸਦੀਕ ਕੀਤਾ ਜਾਵੇਗਾ**। ਇਸ ਉਪਰੰਤ ਕਿਸਾਨ ਵੱਲੋਂ ਇਹ **'ਐਸ'** ਫਾਰਮ ਜਿਸ ਰਾਹੀਂ ਖਰੀਦ ਏਜੰਸੀ ਪਾਸੋਂ ਸਿੱਧੀ ਅਦਾਇਗੀ ਲੈਣੀ ਹੈ ਲਈ ਮਾਰਕਿਟ ਕਮੇਟੀ ਵਿਖੇ ਪੇਸ਼ ਕਰਨਗੇ। ਜਿਸ ਸਮੇਂ ਜਿਣਸ ਦੀ ਵਿਕਰੀ ਹੋ ਜਾਵੇਗੀ ਤਾਂ ਸਬੰਧਤ ਜਿਮੀਂਦਾਰ ਮਾਰਕਿਟ ਕਮੇਟੀ ਦੇ ਦਫਤਰ ਵਿਖੇ ਜਾ ਕੇ **ਖਰੀਦਦਾਰ ਏਜੰਸੀ ਦੇ ਅਧਿਕਾਰੀ ਪਾਸ ਇਹ ਕਾਰਡ ਸਵਾਈਪ ਕਰਨਗੇ ਅਤੇ ਉਸੇ ਸਮੇਂ ਤੁਰੰਤ ਕਿਸਾਨ ਦੀ ਅਦਾਇਗੀ ਉਸਦੇ ਬੈਂਕ ਖਾਤੇ ਵਿੱਚ ਚਲੀ ਜਾਵੇਗੀ ਅਤੇ ਨਾਲ ਹੀ ਉਸ ਵੱਲੋਂ ਦਿੱਤੇ ਗਏ ਮੋਬਾਈਲ ਨੰਬਰ ਤੇ ਉਸਦੇ ਖਾਤੇ ਵਿੱਚ ਗਈ ਰਕਮ ਦਾ ਵੇਰਵਾ ਵੀ ਆ ਜਾਵੇਗਾ।**

ਕਿਸਾਨ ਇਸ ਸੁਵਿਧਾ ਦਾ ਫਾਇਦਾ ਲੈਣ ਲਈ ਸਬੰਧਤ ਮਾਰਕਿਟ ਕਮੇਟੀ ਦੇ ਸਕੱਤਰ ਅਤੇ ਜਿਲ੍ਹਾ ਮੰਡੀ ਅਫਸਰ ਨਾਲ ਸੰਪਰਕ ਕਰਨ।

**ਸ੍ਰ. ਦੀਪਿੰਦਰ ਸਿੰਘ, ਆਈ.ਏ. ਐਸ.,**
**ਸਕੱਤਰ, ਪੰਜਾਬ ਮੰਡੀ ਬੋਰਡ**